# 8th India-Latvia Foreign Office Consultations

November 29, 2022

## ਭਾਰਤ ਅਤੇ ਲਾਤਵੀਆ ਦੇ ਵਿਦੇਸ਼ ਦਫ਼ਤਰਾਂ ਦਰਮਿਆਨ 8ਵਾਂ ਸਲਾਹ-ਮਸ਼ਵਰਾ

## 29 ਨਵੰਬਰ, 2022

1. ਭਾਰਤ ਅਤੇ ਲਾਤਵੀਆ ਦੇ ਵਿਦੇਸ਼ੀ ਦਫ਼ਤਰਾਂ ਦਰਮਿਆਨ 29 ਨਵੰਬਰ, 2022 ਨੂੰ ਨਵੀਂ ਦਿੱਲੀ ਵਿਚ 8ਵਾਂ ਸਲਾਹ ਮਸ਼ਵਰਾ ਹੋਇਆ। ਭਾਰਤੀ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਸਕੱਤਰ (ਪੱਛਮ) ਸ਼੍ਰੀ ਸੰਜੇ ਵਰਮਾ ਨੇ ਕੀਤੀ। ਲਾਤਵੀਅਨ ਪੱਖ ਦੀ ਅਗਵਾਈ ਲਾਤਵੀਆ ਦੇ ਵਿਦੇਸ਼ ਮੰਤਰਾਲੇ ਦੇ ਰਾਜ ਸਕੱਤਰ ਸ਼੍ਰੀ ਐਂਡਰਿਸ ਪੇਲਸ ਨੇ ਕੀਤੀ।

2. ਭਾਰਤ ਅਤੇ ਲਾਤਵੀਆ ਦੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧ ਹਨ ਅਤੇ ਨਿੱਘੇ ਅਤੇ ਸੁਹਿਰਦ ਰਿਸ਼ਤੇ ਸਾਂਝੇ ਹਨ ਅਤੇ ਦੋਨਾਂ ਦੇ ਕੂਟਨੀਤਕ ਸਬੰਧਾਂ ਦੇ ਹਾਲ ਵਿਚ ਹੀ 30 ਸਾਲ ਪੂਰੇ ਹੋਏ ਹਨ। ਸਲਾਹ-ਮਸ਼ਵਰੇ ਦੌਰਾਨ ਦੁਵੱਲੇਸਬੰਧਾਂ ਦੀ ਸਮੀਖਿਆ ਕੀਤੀ ਗਈ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ -ਵਟਾਂਦਰੇ ਹੋਏ।

3. ਦੋਵਾਂ ਪੱਖਾਂ ਨੇ ਰਾਜਨੀਤਿਕ, ਆਰਥਿਕ, ਵਪਾਰਕ, ਕੌਂਸਲਰ ਅਤੇ ਸੱਭਿਆਚਾਰਕ ਸਬੰਧਾਂ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਬਾਰੇ ਚਰਚਾ ਕੀਤੀ। ਦੋਵਾਂ ਪੱਖਾਂ ਨੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ, ਜਿਸ ਵਿੱਚ ਹਿੰਦ-ਪ੍ਰਸ਼ਾਂਤ, ਭਾਰਤ ਦੇ ਗੁਆਂਢੀ, ਯੂਰਪੀ ਸੰਘ, ਯੂਕਰੇਨ ਜੰਗ, ਸੰਯੁਕਤ ਰਾਸ਼ਟਰ ਸਮੇਤ ਬਹੁਪੱਖੀ ਮੰਚਾਂ ਵਿੱਚ ਸਹਿਯੋਗ ਕਰਨਾ ਅਤੇ UNSC ਸੁਧਾਰ ਸ਼ਾਮਲ ਹਨ।

4. ਦੋਵੇਂ ਪੱਖ ਰੀਗਾ ਵਿੱਚ ਆਪਸੀ ਸਹੂਲਤ ਦੇ ਸਮੇਂ ਤੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦਾ ਅਗਲਾ ਦੌਰ ਕਰਾਉਣ ਉੱਤੇ ਸਹਿਮਤ ਹੋਏ।

ਨਵੀਂ ਦਿੱਲੀ

29 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.